ੳ ੳ ਨਾਲ਼
ਤਿੰਨ ਲਗਾਂ
ਔਂਕੜ ਦੁਲੈਂਕੜ ਹੋੜਾ

ਹੋੜਾ ਲਾਉਣ ਵੇਲ਼ੇ ੳ ਦਾ ਮੂੰਹ ਖੁੱਲਾ
ਓ ਰੱਖਿਆ ਜਾਂਦਾ ਹੈ।

ਅ ਮੁਕਤਾ
ਤਿੰਨ ਹੋਰ ਲਗਾਂ
ਕੰਨਾ ਦੁਲਾਵਾਂ ਕਨੌੜਾ

ੲ ਤਿੰਨ ਲਗਾਂ
ਸਿਹਾਰੀ ਬਿਹਾਰੀ ਲਾਂ

Scanned by CamScanner

# ਸ ਤੋਂ ੜ

ਤੱਕ ਸਾਰੇ ਵਿਅੰਜਨਾ ਨੂੰ ਸਾਰੀਆਂ ਲਗਾਂ ਲਗਦੀਆਂ ਹਨ।

| | | | | |
|---|---|---|---|---|
| ਸ | ਹ | | | |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

Scanned by CamScanner

# ਲਗਾਂ ਚਿੰਨ੍ਹ

| | | |
|---|---|---|
| 1. | ਮੁਕਤਾ | ਕੋਈ ਚਿੰਨ੍ਹ ਨਹੀਂ |
| 2. | ਕੰਨਾ | ਾ |
| 3. | ਸਿਹਾਰੀ | ਿ |
| 4. | ਬਿਹਾਰੀ | ੀ |
| 5. | ਔਂਕੜ | ੁ |
| 6. | ਦੁਲੈਂਕੜ | ੂ |
| 7. | ਲਾਂ | ੇ |
| 8. | ਦੁਲਾਵਾਂ | ੈ |
| 9. | ਹੋੜਾ | ੋ |
| 10. | ਕਨੌੜਾ | ੌ |

ੳ ਅਤੇ ੲ ਤੋਂ ਇਲਾਵਾ ਬਾਕੀ ਸਾਰੇ ਅੱਖਰ ਮੁਕਤਾ ਰੂਪ ਵਿੱਚ ਵਰਤੇ ਜਾ ਸਕਦੇ ਹਨ।

Scanned by CamScanner

# ਮੁਕਤਾ



ਜਿਸ ਅੱਖਰ ਨੂੰ ਕੋਈ ਲਗ ਨਹੀਂ ਲਗਦੀ

ਉਸ ਨੂੰ ਮੁਕਤਾ ਕਿਹਾ ਜਾਂਦਾ ਹੈ।

ੳ ਕ
ਤ ਮ ਜ
ਗ ਵ ਫ
ਲ ਟ ......

ਆਦਿ

# ਕੰਨਾ

ਾ

ਇਹ 'ਆ' ਦੀ ਅਵਾਜ਼ ਦਿੰਦਾ ਹੈ।

ਇਸ ਦੀ ਲੰਬਾਈ ਅੱਖਰ ਤੋਂ ਅੱਧੀ ਹੁੰਦੀ ਹੈ।

Scanned by CamScanner

# ਸਿਹਾਰੀ

ਿ

ਇਹ 'ਇ' ਦੀ ਅਵਾਜ਼
ਦਿੰਦੀ ਹੈ ਅਤੇ ਅੱਖਰ
ਤੋਂ ਪਹਿਲਾਂ ਲੱਗਦੀ ਹੈ।

Scanned by CamScanner

# ਸਿਹਾਰੀ

# ਿ

ਇਹ 'ਈ' ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਦੇ ਪਿੱਛੇ ਲੱਗਦੀ ਹੈ।

Scanned by CamScanner

# ਔਂਕੜ

ਇਹ ਲਗ 'ਉ'
ਦੀ ਅਵਾਜ਼ ਦਿੰਦੀ ਹੈ।
ਇਹ ਅੱਖਰ ਦੇ ਹੇਠਾਂ
ਲੱਗਦੀ ਹੈ।

Scanned by CamScanner

# ਦੁਲੈਂਕੜੇ

ੂ

ਇਹ ਲਗ 'ਊ' ਦੀ
ਅਵਾਜ਼ ਦਿੰਦੀ ਹੈ ਅਤੇ
ਅੱਖਰ ਦੇ ਹੇਠਾਂ ਲੱਗਦੀ
ਹੈ।

Scanned by CamScanner

# ਲਾਂ

ੇ

ਇਹ ਲਗ 'ਏ ਦੀ
ਅਵਾਜ਼ ਦਿੰਦੀ ਹੈ
ਅਤੇ ਅੱਖਰ ਦੇ ਉੱਪਰ
ਲੱਗਦੀ ਹੈ।

Scanned by CamScanner

# ਦੁਲਾਵਾਂ

ੈ

ਇਹ ਲਗ 'ਐ' ਦੀ
ਅਵਾਜ਼ ਦਿੰਦੀ ਹੈ ਅਤੇ
ਅੱਖਰ ਦੇ ਉੱਪਰ
ਲੱਗਦੀ ਹੈ।

Scanned by CamScanner

# ਹੋੜਾ

ੋ

ਇਹ ਲਗ 'ਓ' ਦੀ ਅਵਾਜ਼ ਦਿੰਦੀ ਹੈ ਅਤੇ ਇਹ ਅੱਖਰ ਦੇ ਉੱਪਰ ਲੱਗਦਾ ਹੈ।

Scanned by CamScanner

# ਕਨੌੜਾ

ੌ

ਇਹ ਲਗ 'ਔ' ਦੀ

ਅਵਾਜ਼ ਦਿੰਦੀ ਹੈ ਅਤੇ

ਇਹ ਅੱਖਰ ਦੇ ਉੱਪਰ

ਲੱਗਦਾ ਹੈ।

Scanned by CamScanner

# ਲਗਾਖਰ

ਬਿੰਦੀ : ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ, ਕਨੌੜਾ

ਮੁਕਤਾ ਕੇਵਲ ੳ ਨਾਲ

ਟਿੱਪੀ : ਮੁਕਤਾ, ਸਿਹਾਰੀ, ਔਂਕੜ, ਦੁਲੈਂਕੜ

ਅੱਧਕ : ਸ਼ਬਦ ਵਿੱਚੋਂ ਅੱਖਰ ਦੀ ਦੂਹਰੀ ਅਵਾਜ਼

ਕੁਝ ਅੰਗਰੇਜ਼ੀ ਸ਼ਬਦਾਂ ਤੇ ਦੁਲਾਵਾਂ ਨਾਲ

Scanned by CamScanner

# ਅਨੁਨਾਸਿਕ

ਙ ਞ ਣ ਨ ਮ

ਅਨੁਨਾਸਿਕ ਅੱਖਰ ਜਦ
ਕਿਸੇ ਲੰਮੀ ਲਗ ਦੇ ਪਿੱਛੇ
ਆਵੇ ਤਾਂ ਆਮ ਤੌਰ ਤੇ
ਬਿੰਦੀ - ਟਿੱਪੀ ਨਹੀਂ ਲੱਗਦੀ-

ਖਾਣ, ਪੀਣ, ਪਾਨ,
ਸੋਣਾ, ਝੋਨਾ ...........
ਇਨਾਮ, ਨਾਮ,
ਮਾਮੀ, ਕੌਮ, ਮੋਮ

Scanned by CamScanner

# ਅਨੁਨਾਸਿਕ

ਅਨੁਨਾਸਿਕ ਅੱਖਰਾਂ ਤੋਂ
ਪਹਿਲਾਂ ਅੱਧਕ ਦੀ ਅਵਾਜ਼
ਵੇਲ਼ੇ ਅੱਧਕ ਦੀ ਥਾਂ ਟਿੱਪੀ
ਵੀ ਵਰਤੀ ਜਾਂਦੀ ਹੈ–
ਕੰਮ, ਨਿੰਮ, ਜਿੰਨ,
ਕਿੰਨਾ, ਜਿੰਨ੍ਹਾਂ ......
ਸੰਬੋਧਨ ਕਰਨ ਸਮੇਂ
ਸ਼ਬਦ ਦੇ ਅਖੀਰ 'ਤੇ
ਨ ਨਾਲ਼ ਬਿੰਦੀ
(ਇੱਕ ਵਚਨ) ਨਹੀ ਲੱਗਦੀ....
ਓਏ ਜਵਾਨਾ, ਓਏ ਜ਼ਾਲਮਾ!
(ਬਹੁ-ਵਚਨ) - ਜਵਾਨਾਂ ਨੇ, ਜ਼ਾਲਮਾਂ ਨੇ।

Scanned by CamScanner

# ਨ - ਣ

ਆਮ ਤੌਰ 'ਤੇ ਭਾਵਾਰਥ ਕਿਰਿਆ ਦੇ ਨਾਲ਼ ਣ ਲੱਗਦਾ ਹੈ - ਖਾਣਾ, ਪੀਣਾ, ਹੱਸਣਾ, ਰੋਣਾ, ਗਾਉਣਾ ............

ਜਦੋਂ ਧਾਤੂ ਦੇ ਅੰਦਰ ਰ, ੜ, ਣ ਆਵੇ ਤਾਂ ਭਾਵਾਰਥ ਕਿਰਿਆ ਨਾਲ਼ ਨਾ ਆਉਂਦਾ ਹੈ।

ਕਰਨਾ, ਮੜ੍ਹਨ, ਖੜ੍ਹਨਾ....

ਹੋਰ ਸ਼ਬਦਾਂ ਵਿੱਚ ਛਹਕਵੀ ਅਵਾਜ਼ ਵੇਲ਼ੇ ਣ ਅਤੇ ਬੱਝਵੀਂ ਅਵਾਜ਼ ਵੇਲੇ ਨ ਲੱਗਦਾ ਹੈ - ਭੈਣ, ਪਾਣੀ, ਬੀਨ, ਗਿਆਨੀ ......

Scanned by CamScanner

# ਹ

'ਹ' ਤੋਂ ਪਹਿਲਾਂ ਦੁਲਾਵਾਂ ਦੀ ਅਵਾਜ਼ ਵੇਲੇ 'ਹ' ਨਾਲ਼ ਸਿਹਾਰੀ ਲੱਗਦੀ ਹੈ

ਸ਼ੈਹਰ → ਸ਼ਹਿਰ
ਪੈਹਲਾ → ਪਹਿਲਾ
ਲੈਹਰ → ਲਹਿਰ
ਕੈਹਣਾ → ਕਹਿਣਾ
ਗੈਹਣਾ → ਗਹਿਣਾ
ਕੈਹਰ → ਕਹਿਰ

ਆਮ ਕਰਕੇ ਇਹ ਨਿਯਮ ਦੋ ਅੱਖਰਾਂ ਵਾਲ਼ੇ ਸ਼ਬਦਾਂ, ਖਾਸ ਨਾਂਵ ਅਤੇ ਕੁਝ ਪ੍ਰਚੱਲਿਤ ਸ਼ਬਦਾਂ ਤੇ ਲਾਗੂ ਨਹੀਂ ਹੁੰਦਾ।

Scanned by CamScanner

# ਹ

'ਹ' ਤੋਂ ਪਹਿਲਾਂ 'ਹੋੜੇ' ਦੀ ਅਵਾਜ਼ ਵੇਲ਼ੇ 'ਹ' ਨਾਲ਼ ਔਂਕੜ ਲੱਗਦਾ ਹੈ -

ਮੋਹਰ → ਮੁਹਰ
ਮੋਹਲਤ → ਮੁਹਲਤ
ਸ਼ੋਹਰਤ → ਸ਼ੁਹਰਤ

'ਹ' ਤੋਂ ਪਹਿਲਾਂ 'ਕਨੌੜੇ' ਦੀ ਅਵਾਜ਼ ਵੇਲ਼ੇ 'ਹ' ਦੇ ਨਾਲ਼ ਔਂਕੜ ਲੱਗਦਾ ਹੈ -

ਨੌਂਹ → ਨਹੁੰ
ਬੌਹਤ → ਬਹੁਤ
ਵੌਹਟੀ → ਵਹੁਟੀ

Scanned by CamScanner

ਜੇਕਰ 'ਹ' ਤੋਂ ਪਹਿਲੇ ਅੱਖਰ ਤੇ ਲਾਂ ਦੀ ਅਵਾਜ਼ ਆਵੇ ਤਾਂ ਲਾਂ ਕੱਟ ਕੇ ਲਾਂ ਦੀ ਥਾਂ ਸਿਹਾਰੀ ਲੱਗਦੀ ਹੈ-

ਕੇਹੜਾ → ਕਿਹੜਾ

ਕੇਹਰ → ਕਿਹਰ

ਸੇਹਰਾ → ਸਿਹਰਾ

ਮੇਹਰ → ਮਿਹਰ

# ਹ

Scanned by CamScanner

ਕੰਨੇ ਦੀ ਲੰਮੇਰੀ ਅਵਾਜ਼ ਨੂੰ ਪ੍ਰਗਟ ਕਰਨ ਲਈ ਕੰਨੇ ਨਾਲ 'ਅ' ਲਿਖੋ, ਜਿਵੇਂ -

ਚਾਅ, ਬਾਅਦ, ਲਾਅ, ਭਾਅ....

ਯ ਦੀ ਅਵਾਜ਼ ਨੂੰ ਇ+ਆ ਜਾਂ ਇ+ਉ ਜਾਂ ਯਾ ਨੂੰ ਆ ਦੇ ਵਿੱਚ ਬਦਲ ਦਿੱਤਾ ਜਾਂਦਾ ਹੈ-

ਆਯਾ → ਆਇਆ

ਹੋਇਆ ← ਹੋਯਾ

ਕਯੋਂ → ਕਿਉਂ

ਜਯੋਂ → ਜਿਉਂ

ਤਯਾਗ → ਤਿਆਗ

ਗਯਾਨੀ → ਗਿਆਨੀ

Scanned by CamScanner

ਪੰਜਾਬੀ ਵਿੱਚ ਅੱਖਰ ਦੇ ਪੈਰ
'ਚ ਵ ਦੀ ਵਰਤੋਂ ਬਹੁਤ ਘਟ
ਗਈ ਹੈ - ਸ੍ਵਾਸ → ਸਵਾਸ
ਸ੍ਵੀਕਾਰ → ਸਵੀਕਾਰ

ਕੁਝ ਸ਼ਬਦਾਂ ਦੇ ਪੈਰ 'ਚ
'ਵ' ਦੀ ਵਰਤੋਂ ਠੀਕ ਵੀ ਹੈ-
ਸ੍ਵੈਮਾਨ, ਸ੍ਵੱਛ, ਸ੍ਵਰ, ਸ੍ਵਾਧੀਨ।

ਰ ੍ਰ ਜਿਸ ਅੱਖਰ ਨਾਲੋਂ 'ਰ'
ਦੀ ਅਵਾਜ਼ ਵੱਖ ਕਰਨ ਤੇ ਉਚਾਰਨ
ਨਾ ਵਿਗੜੇ ਉੱਥੇ ਪੂਰਾ 'ਰ' ਵਰਤੋ,
ਜੇਕਰ ਉਚਾਰਨ ਵਿਗੜੇ ਤਾਂ ੍ਰ
ਵਰਤੋ - ਕਿਰਪਾ, ਇੰਦਰ, ਕਿਰਿਆ,
ਪਰਜਾ, ਪਰਗਟ, ਪੁੱਤਰ....
ਦ੍ਰਿਸ਼, ਤ੍ਰਾਹ, ਧ੍ਰੂ, ਪ੍ਰੈਸ, ਪ੍ਰੀਤ, ਦ੍ਰਿੜ .....

Scanned by CamScanner

# ਹ ੍ਹ

ਕੁਝ ਪੰਜਾਬੀ ਅੱਖਰਾਂ ਦੇ ਅੰਤ ਤੇ 'ਹ' ਦੀ ਅਵਜ ਥੋੜ੍ਹੀ ਮੱਧਮ ਆਵੇ, ਉਹਨਾਂ ਦੇ ਪੈਰੀਂ ੍ਹ ਲੱਗਦਾ ਹੈ- ਚੁੱਲ੍ਹਾ, ਜਮ੍ਹਾਂ, ਜਗ੍ਹਾ, ਮੱਲੜ੍ਹ, ਪੜ੍ਹ, ਖੜ੍ਹ, ਖੋਲ੍ਹ, ਸੰਨ੍ਹ, ਨਿੰਮ੍ਹੀ, ਗੜ੍ਹ, ਯਮਲ੍ਹਾ, ਚੜ੍ਹਨਾ, ਰਿੰਨ੍ਹ,

ਕਈ ਸ਼ਬਦਾਂ ਵਿੱਚ ਪੈਰੀਂ 'ਹ' ੍ਹ ਲਿਖਣਾ ਅਸ਼ੁੱਧ ਹੈ-

ਜੇੜ੍ਹਾ, ਕੇੜ੍ਹਾ,

X

ਵੇੜ੍ਹਾ, ਮੇਣ੍ਹਾ,

Scanned by CamScanner

ਸ਼ਹਿਰਾਂ ਅਤੇ ਨਗਰਾਂ ਦੇ ਨਾਮ ਜੋੜ ਕੇ ਲਿਖੋ: ਅੰਮ੍ਰਿਤਸਰ, ਗੁਰਦਾਸਪੁਰ, ਫ਼ਰੀਦਕੋਟ .....

'ਵਾਲ਼ਾ' ਪਿਛੇਤਰ ਸ਼ਬਦ ਨਾਲ਼ ਜੋੜੋ - ਗੱਡੀਵਾਲ਼ਾ, ਦੁੱਧਵਾਲ਼ਾ...

ਮਨੁੱਖਾਂ ਦੇ ਨਾਮ ਨਿਖੇੜ ਕੇ ਲਿਖੋ- ਕਰਮ ਦਈ, ਸੋਹਨ ਲਾਲ, ਰਾਮ ਸਿੰਘ, ਅਬਦੁਲ ਹਮੀਦ .....

ਭਵਿੱਖਤ ਕਾਲ ਦੇ ਗਾ, ਗੇ, ਗੀ ਨੂੰ ਸ਼ਬਦਾਂ ਨਾਲ਼ ਜੋੜੋ - ਖਾਏਗਾ, ਖੇਡੇਗਾ, ਪੜ੍ਹੇਗੀ ......

'ਕੇ' ਨੂੰ ਧਾਤੂ ਨਾਲ਼ੋਂ ਨਿਖੇੜੋ:- ਖਾ ਕੇ, ਨ੍ਹਾ ਕੇ, ਪਾ ਕੇ, ਪੜ੍ਹ ਕੇ ....

Scanned by CamScanner